# ਪਾਠ ਨਾਲ਼ ਸੰਬੰਧਿਤ ਨਮੂਨਾ ਪ੍ਰਸ਼ਨ

1. **ਕਿਹੜੀ ਗੱਲ ਸਹੀ ਹੈ ?**
   ੳ) ਪੜ੍ਹਾਈ ਦਾ ਹਮੇਸ਼ਾਂ ਮੁੱਲ ਪੈਂਦਾ ਹੈ। ਅ) ਪੜ੍ਹਾਈ ਦਾ ਕਦੇ ਵੀ ਮੁੱਲ ਨਹੀਂ ਪੈਂਦਾ ਹੈ।
   ੲ) ਪੜ੍ਹਾਈ ਦਾ ਕਦੇ-ਕਦੇ ਮੁੱਲ ਪੈਂਦਾ ਹੈ। ਸ) ਪੜ੍ਹਾਈ ਦਾ ਕੋਈ ਫ਼ਾਇਦਾ ਨਹੀਂ ਹੁੰਦਾ।
2. **ਕਿਹੜੀ ਗੱਲ ਸਹੀ ਹੈ ?**
   ੳ) ਪੜ੍ਹ-ਲਿਖ ਕੇ ਕੋਈ ਵੀ ਕੰਮ ਵਧੀਆ ਤਰੀਕੇ ਨਾਲ਼ ਨਹੀਂ ਕੀਤਾ ਜਾ ਸਕਦਾ ਹੈ।
   ਅ) ਪੜ੍ਹ-ਲਿਖ ਕੇ ਕੋਈ ਵੀ ਕੰਮ ਵਧੀਆ ਤਰੀਕੇ ਨਾਲ਼ ਕੀਤਾ ਜਾ ਸਕਦਾ ਹੈ।
   ੲ) ਪੜ੍ਹ-ਲਿਖ ਕੇ ਕੁਝ ਵੀ ਨਹੀਂ ਕੀਤਾ ਜਾ ਸਕਦਾ ਹੈ।
   ਸ) ਪੜ੍ਹ-ਲਿਖ ਕੇ ਸਮਾਂ ਖ਼ਰਾਬ ਕੀਤਾ ਜਾਂਦਾ ਹੈ।
3. **ਕਿਹੜੀ ਗੱਲ ਸਹੀ ਹੈ ?**
   ੳ) ਸਾਰੇ ਬੱਚਿਆਂ ਨੂੰ ਸਕੂਲ ਜ਼ਰੂਰ ਜਾਣਾ ਚਾਹੀਦਾ ਹੈ।
   ਅ) ਸਾਰੇ ਬੱਚਿਆਂ ਨੂੰ ਸਕੂਲ ਨਹੀਂ ਜਾਣਾ ਚਾਹੀਦਾ ਹੈ।
   ੲ) ਸਾਰੇ ਬੱਚਿਆਂ ਨੂੰ ਸਕੂਲ ਕਦੇ-ਕਦੇ ਜਾਣਾ ਚਾਹੀਦਾ ਹੈ।
   ਸ) ਸਾਰੇ ਬੱਚਿਆਂ ਨੂੰ ਆਪਣੇ ਮਾਂ-ਬਾਪ ਨੂੰ ਨਾਲ਼ ਲੈ ਕੇ ਸਕੂਲ ਜਾਣਾ ਚਾਹੀਦਾ ਹੈ।
4. **ਕਿਹੜੀ ਗੱਲ ਸਹੀ ਹੈ ?**
   ੳ) ਲੰਘਿਆ ਵੇਲ਼ਾ ਹਮੇਸ਼ਾ ਹੱਥ ਆਉਂਦਾ ਹੈ। ਅ) ਲੰਘਿਆ ਵੇਲ਼ਾ ਕਦੇ ਹੱਥ ਨਹੀਂ ਆਉਂਦਾ ਹੈ।
   ੲ) ਲੰਘਿਆ ਵੇਲ਼ਾ ਰੋਜ਼ ਹੱਥ ਆਉਂਦਾ ਹੈ। ਸ) ਲੰਘਿਆ ਵੇਲ਼ਾ ਫ਼ਿਰ ਮੁੜ ਆਉਂਦਾ ਹੈ।
5. **ਕੁੰਦਨ ਲਾਲ _____________ ਕੰਮ ਕਰਦਾ ਸੀ।**
   ੳ) ਹਲਵਾਈ ਦਾ ਅ) ਦਰਜ਼ੀ ਦਾ ੲ) ਮਿਸਤਰੀ ਦਾ ਸ) ਤਰਖਾਣ ਦਾ
6. ਕੁੰਦਨ ਅਤੇ ਰਾਜਿੰਦਰ __________ ਇਕੱਠੇ ਪੜ੍ਹੇ ਸਨ।
   ੳ) ਕਾਲਜ ਵਿੱਚ ਅ) ਮਿਡਲ ਸਕੂਲ ਵਿੱਚ ੲ) ਪ੍ਰਾਇਮਰੀ ਸਕੂਲ ਵਿੱਚ ਸ) ਹਾਈ ਸਕੂਲ ਵਿੱਚ
7. **ਜਦੋਂ ਰਾਜਿੰਦਰ ਕਿਤਾਬ- ਕਾਪੀ ਲੈ ਕੇ ਬੈਠਦਾ ਤਾਂ ਕੀ ਹੁੰਦਾ ਸੀ ?**
   ੳ) ਉਸਨੂੰ ਨੀਂਦ ਆਉਣ ਲਗਦੀ ਸੀ। ਅ) ਉਸਨੂੰ ਕੁੰਦਨ ਅਤੇ ਉਸਦਾ ਸਕੂਟਰ ਨਜ਼ਰ ਆਉਂਦਾ ਸੀ।
   ੲ) ਉਹ ਕਿਤਾਬਾਂ ਪਾੜਨ ਲਗਦਾ ਸੀ। ਸ) ਉਹ ਲੜਾਈ ਕਰਨ ਲਗਦਾ ਸੀ।
8. **ਪੂਰਾ ਹਫ਼ਤਾ ਰਾਜਿੰਦਰ ਦੀਆਂ ਸੋਚਾਂ ਵਿੱਚ.................................**
   ੳ) ਕੁੰਦਨ ਲਾਲ ਅਤੇ ਉਸਦਾ ਸਕੂਟਰ ਘੁੰਮਦੇ ਰਹੇ। ਅ) ਕੁੰਦਨ ਲਾਲ ਅਤੇ ਰੇਲ ਗੱਡੀਆਂ ਘੁੰਮਦੀਆਂ ਰਹੀਆਂ।
   ੲ) ਕੁੰਦਨ ਲਾਲ ਅਤੇ ਮੋਟਰ ਸਾਈਕਲ ਘੁੰਮਦੇ ਰਹੇ। ਸ) ਕੁੰਦਨ ਲਾਲ ਅਤੇ ਬੱਸਾਂ ਘੁੰਮਦੀਆਂ ਰਹੀਆਂ।
9. **ਰਾਜਿੰਦਰ ਨੂੰ ਕਿਤਾਬ ਵਿੱਚ ਪੜ੍ਹੀ ਕਿਹੜੀ ਗੱਲ ਯਾਦ ਆ ਗਈ?**
   ੳ) ਆਪਣੇ ਮਨ ਦੀ ਗੱਲ ਕਿਸੇ ਨਾਲ਼ ਸਾਂਝੀ ਨਾ ਕਰੋ। ਅ) ਆਪਣੇ ਮਨ ਦੀ ਉਲਝਣ ਕਦੇ ਦਬਾ ਕੇ ਨਾ ਰੱਖੋ।
   ੲ) ਆਪਣੇ ਮਨ ਦੀ ਗੱਲ ਦੋਸਤਾਂ ਨਾਲ਼ ਨਾ ਕਰੋ। ਸ) ਆਪਣੇ ਮਨ ਦੀ ਗੱਲ ਘਰ ਵਿੱਚ ਨਾ ਦੱਸੋ।
10. **ਪਿਤਾ ਜੀ ਨੇ ਰਾਜਿੰਦਰ ਨੂੰ ਕਿਹੜੀ ਸਲਾਹ ਦਿੱਤੀ?**
   ੳ) ਸਕੂਟਰਾਂ ਦਾ ਕੰਮ ਸਿੱਖਣ ਦੀ ਸਲਾਹ ਦਿੱਤੀ। ਅ) ਪਹਿਲਾਂ ਹੋਰ ਪੜ੍ਹਨ ਬਾਰੇ ਸਲਾਹ ਦਿੱਤੀ।
   ੲ) ਟਰੱਕਾਂ ਦਾ ਕੰਮ ਸਿੱਖਣ ਦੀ ਸਲਾਹ ਦਿੱਤੀ। ਸ) ਮੋਬਾਈਲਾਂ ਦਾ ਕੰਮ ਸਿੱਖਣ ਦੀ ਸਲਾਹ ਦਿੱਤੀ।



Scanned with CamScanner

11. ਹੇਠ ਲਿਖੇ ਵਾਕ ਕਿਸ ਨੇ, ਕਿਸ ਨੂੰ ਕਹੇ?
"ਛੱਡ ਯਾਰ ਪੜ੍ਹਾਈ ਨੂੰ,ਮੇਰਾ ਚਾਚਾ ਕਹਿੰਦਾ ਏ, 'ਕੁਝ ਨਹੀਂ ਰੱਖਿਆ ਪੜ੍ਹਾਈਆਂ ਵਿੱਚ।'
ੳ) ਕੁੰਦਨ ਲਾਲ ਨੇ ਅ) ਡਾਕਟਰ ਰਾਜਿੰਦਰ ਨੇ ੲ) ਚਾਚਾ ਜੀ ਨੇ ਸ) ਪਿਤਾ ਜੀ ਨੇ

12. 'ਹਰ ਗੱਲ ਦਾ ਕਿਸੇ ਠੀਕ ਸਮੇਂ ਹੀ ਮੁੱਲ ਹੁੰਦਾ ਹੈ।'
ੳ) ਕੁੰਦਨ ਲਾਲ ਨੇ ਅ) ਡਾਕਟਰ ਰਾਜਿੰਦਰ ਨੇ ੲ) ਚਾਚਾ ਜੀ ਨੇ ਸ) ਪਿਤਾ ਜੀ ਨੇ

13. 'ਉੱਪਰ' ਸ਼ਬਦ ਦਾ ਉਲਟ ਸ਼ਬਦ ਕੀ ਹੈ ?
ੳ) ਹੇਠਾਂ ਅ) ਪਿੱਛੇ ੲ) ਸਿੱਧਾ ਸ) ਗਲਤ

14. 'ਨੇੜੇ' ਸ਼ਬਦ ਦਾ ਸਮਾਨਾਰਥਕ ਸ਼ਬਦ ਕੀ ਹੈ ?
ੳ) ਦੂਰ ਅ) ਨਜ਼ਦੀਕ ੲ) ਕੋਲ ਸ) ਪਾਸੇ

15. ਹੇਠ ਲਿਖੇ ਵਾਕਾਂ ਵਿੱਚੋਂ ਕਿਹੜਾ ਵਾਕ ਸਹੀ ਹੈ ?
ੳ) ਚਾਚਾ ਜੀ ਨੇ ਬੇਟੇ ਨੂੰ ਕੰਮ ਤੇ ਲਾ ਦਿੱਤਾ। ਅ) ਚਾਚਾ ਜੀ ਨੇ ਬੇਟੇ ਨੂੰ ਕੰਮ 'ਤੇ ਲਾ ਦਿੱਤਾ।
ੲ) ਚਾਚਾ ਜੀ ਨੇ ਬੇਟੇ ਨੂੰ ਕੰਮ ਤੇ' ਲਾ ਦਿੱਤਾ। ਸ) ਚਾਚਾ ਜੀ ਨੇ ਬੇਟੇ ਨੂੰ ਕੰਮ 'ਤੇ' ਲਾ ਦਿੱਤਾ।

16. ਹੇਠ ਲਿਖੇ ਵਾਕਾਂ ਵਿੱਚੋਂ ਕਿਹੜਾ ਵਾਕ ਸਹੀ ਹੈ ?
ੳ) ਪੁੱਤਰ ਦੀ ਇਹ ਗੱਲ ਪਿਤਾ ਜੀ ਦੇ ਸਿਰ ਵਿੱਚ ਪੱਥਰ ਵਾਂਗ ਲੱਗੀ।
ਅ) ਪੁੱਤਰ ਦੀ ਇਹ ਗੱਲ ਪਿਤਾ ਜੀ ਦੇ ਸਿਰ ਵਿੱਚ ਇੱਟ ਵਾਂਗ ਲੱਗੀ।
ੲ) ਪੁੱਤਰ ਦੀ ਇਹ ਗੱਲ ਪਿਤਾ ਜੀ ਦੇ ਸਿਰ ਵਿੱਚ ਡੰਡੇ ਵਾਂਗ ਲੱਗੀ।
ਸ) ਪੁੱਤਰ ਦੀ ਇਹ ਗੱਲ ਮਾਤਾ ਜੀ ਦੇ ਸਿਰ ਵਿੱਚ ਪੱਥਰ ਵਾਂਗ ਲੱਗੀ।

17. ਹੇਠ ਲਿਖੇ ਵਾਕਾਂ ਵਿੱਚੋਂ ਕਿਹੜਾ ਵਾਕ ਸਹੀ ਹੈ ?
ੳ) ਮੈਂ ਕਿਤਾਬ ਲੈ ਕੇ ਬੈਠ ਗਏ। ਅ) ਮੈਂ ਕਿਤਾਬਾਂ ਲੈ ਕੇ ਬੈਠ ਗਏ।
ੲ) ਮੈਂ ਕਿਤਾਬ ਲੈ ਕੇ ਬੈਠ ਗਿਆ। ਸ) ਮੈਂ ਕਿਤਾਬ ਲੈ ਕੇ ਬੈਠ ਗੇਆ।

18. ਹੇਠ ਲਿਖੇ ਵਾਕਾਂ ਵਿੱਚੋਂ ਕਿਹੜਾ ਵਾਕ ਸਹੀ ਹੈ ?
ੳ) ਉਸ ਨੇ ਸਿਆਣੀ ਗਲ ਦੱਸੀ। ਅ) ਉਸ ਨੇ ਸਿਆਣੀ ਗੱਲ ਦੱਸੀ।
ਅ) ਉਸ ਨੇ ਸਿਆਣੀ ਗੱਲ੍ਹ ਦੱਸੀ। ਸ) ਉਸ ਨੇ ਸਿਆਣੀ ਗਲ੍ਹ ਦੱਸੀ।

19. ਹੇਠ ਲਿਖੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਕਿਹੜਾ ਹੈ?
ੳ) ਮੀਸਤਰੀ ਅ) ਉਲਝੱਣ ੲ) ਜੋਸ਼ ਸ) ਹਫਤਾ

20. ਹੇਠ ਲਿਖੇ ਸ਼ਬਦਾਂ ਵਿੱਚੋਂ ਗ਼ਲਤ ਸ਼ਬਦ ਕਿਹੜਾ ਹੈ?
ੳ) ਪਰੇਸਾਨ ਅ) ਸਫ਼ਰ ੲ) ਪ੍ਰਾਇਮਰੀ ਸ) ਸਕੂਲ

**ਅਧਿਆਪਕ ਪੂਰਾ ਅਧਿਆਇ ਕਰਵਾਉਣ ਤੋਂ ਬਾਅਦ ਦਿੱਤੀ ਵਰਕਸ਼ੀਟ ਬੱਚਿਆਂ ਨੂੰ ਕਰਵਾ ਕੇ ਦੇਖਣਗੇ ਕਿ ਕਿੰਨੇ ਬੱਚਿਆਂ ਨੇ ਸਿੱਖਣ ਨਤੀਜੇ ਪ੍ਰਾਪਤ ਕੀਤੇ ਹਨ।**




| ਪ੍ਰਤੀਸ਼ਤ | ਵਿਦਿਆਰਥੀਆਂ ਦੀ ਗਿਣਤੀ |
|---|---|
| 30% ਤੋਂ ਘੱਟ | |
| 30% - 80% ਤੱਕ | |
| 80% ਤੋਂ ਵੱਧ | |



Scanned with CamScanner